*ਸਭ ਤੋਂ ਵਧ ਮੁਹਤਬਰ ਮੁਸਲਿਮ ਅਕਾਦਮੀਆਂ ਦੇ ਆਲਿਮਾਂ ਨੇ ਇੱਕਮਤ ਹੋ ਕੇ ਇਹ ਗੱਲ ਕਹੀ ਹੈ ਕਿ ਜਿਸਮ ਦੇ ਹਿੱਸੇ ਦਾਨ ਕਰਨਾ ਬੜਾ ਹੀ ਨੇਕ ਕੰਮ ਹੈ, ਅਤੇ ਕਈ ਹਾਲਤਾਂ ਵਿਚ ਇਹ ਜ਼ਰੂਰੀ ਫ਼ਰਜ਼ ਵੀ ਹੋ ਸਕਦਾ ਹੈ।*
*ਇਹ ਸਭ ਆਲਿਮ ਮੁਸਲਮਾਨਾਂ ਨੂੰ ਆਖਦੇ ਹਨ ਕਿ ਉਹ ਆਪਣੇ ਜਿਸਮ ਦੇ ਹਿੱਸੇ ਹੋਰਨਾਂ ਦੇ ਲਾਉਣ ਲਈ ਦਾਨ ਕਰਨ:*

- *ਦ ਸ਼ਰ੍ਹਾ ਅਕੈਡਮੀ ਆੱਵ ਦਾ ਆਰਗੇਨਾਈਜ਼ੇਸ਼ਨ ਆੱਵ ਇਸਲਾਮਿਕ ਕਾਨਫ਼ੰਸ (ਜੋ ਸਾਰੇ ਮੁਸਲਿਮ ਮੁਲਕਾਂ ਦੀ ਨੁਮਾਇੰਦਗੀ ਕਰਦੀ ਹੈ)*
- *ਦ ਗਰੈਂਡ ਉਲੇਮਾ ਕਾਉਂਸਿਲ ਆੱਫ਼ ਸਾਊਦੀ ਅਰੇਬੀਆ*
- *ਦ ਈਰਾਨੀਅਨ ਰਿਲੀਜਸ ਅਥਾਰਿਟੀ*
- *ਦ ਅਲ ਅਜ਼ਹਰ (ਜਾਮਿਆ ਅਲ ਅਜ਼ਹਰ) ਅਕੈਡਮੀ ਆੱਵ ਇਜਿਪਟ*

## ਜਿਸਮ ਦੇ ਹਿੱਸਿਆਂ ਦਾ ਦਾਨ ਸਭ ਤੋਂ ਵੱਡਾ ਦਾਨ ਹੈ ਪਰ ਹੋਰ ਬਹੁਤ ਦਾਨੀਆਂ ਦੀ ਲੋੜ ਹੈ

ਨੇਕੀ ਦਾ ਕੰਮ ਹਰ ਕੋਈ ਕਰ ਸਕਦਾ ਹੈ
ਬਰਾਏ ਮਿਹਰਬਾਨੀ

- ਆਪਣੇ ਕੁਨਬੇ ਨਾਲ ਗੱਲ ਕਰੋ
- ਆਪਣੀਆਂ ਖ਼ਾਹਿਸ਼ਾਤ ਰਜਿਸਟਰ ਕਰਵਾਓ
- ਜਿਸਮ ਦੇ ਹਿੱਸੇ ਦਾਨ ਕਰਨ ਵਾਲਾ ਕਾਰਡ ਆਪਣੇ ਨਾਲ ਰੱਖੋ

ਜਿਸਮ ਦੇ ਹਿੱਸੇ ਦਾਨ ਕਰਨ ਬਾਰੇ ਵਧੇਰੇ ਜਾਣਕਾਰੀ ਲੈਣ ਲਈ, ਜਾਂ ਐਨ ਐਚ ਐੱਸ ਦੇ ਰਜਿਸਟਰ ਵਿਚ ਸ਼ਾਮਿਲ ਹੋਣ ਲਈ, ਇਹਨਾਂ ਨੂੰ ਫ਼ੋਨ ਕਰੋ:

**ਓਰਗਨ ਡੋਨਰ ਲਾਈਨ**
**0845 60 60 400**
**www.uktransplant.org.uk**

ਇਸਲਾਮ ਮਜ਼ਹਬ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ:
www.bbc.co.uk/religion

## ਜਿਸਮ ਦੇ ਹਿੱਸੇ ਦਾਨ ਕਰਨ ਨਾਲ ਜ਼ਿੰਦਗੀਆਂ ਬਚਦੀਆਂ ਹਨ

Compiled by Rachel Howitt, Bradford Hospitals NHS Trust
Produced by UK Transplant, Fox Den Road, Stoke Gifford, Bristol BS34 8RR
© UK Transplant April 2003



NHS

UK Transplant

# ਇਸਲਾਮ ਮਜ਼ਹਬ ਅਤੇ ਜਿਸਮ ਦੇ ਹਿੱਸੇ ਦਾਨ ਕਰਨਾ

ਇਸਲਾਮ ਮਜ਼ਹਬ ਅਤੇ ਜਿਸਮ ਦੇ ਹਿੱਸੇ ਦਾਨ ਕਰਨ ਬਾਰੇ ਜਾਣਕਾਰੀ

Islam
and organ donation
Punjabi

## ਜਿਸਮ ਦੇ ਹਿੱਸੇ ਦਾਨ ਕਰਨਾ (ਓਰਗਨ ਡੋਨੇਸ਼ਨ)

ਜਿਸਮ ਦੇ ਹਿੱਸੇ ਦਾਨ ਕਰਨ ਜਾਂ ਅੰਗਦਾਨ ਦਾ ਮਤਲਬ ਹੈ ਆਪਣੇ ਜਿਸਮ ਦਾ ਕੋਈ ਹਿੱਸਾ ਕਿਸੇ ਹੋਰ ਸ਼ਖ਼ਸ ਨੂੰ ਦਾਨ ਦੇਣਾ ਜਿਹਦੇ ਜਿਸਮ ਵਿਚ ਇਹ ਨਵਾਂ ਹਿੱਸਾ ਲਾਉਣ ਦੀ ਲੋੜ ਹੋਵੇ। ਅੰਗਦਾਨ ਕਰਨ ਨਾਲ ਹਰ ਸਾਲ ਸੈਂਕੜੇ ਲੋਕਾਂ ਦੀ ਜਾਨ ਬਚਦੀ ਹੈ। ਜ਼ਿਆਦਾਤਰ ਅੰਗ ਉਹਨਾਂ ਲੋਕਾਂ ਵਲੋਂ ਦਾਨ ਕੀਤੇ ਜਾਂਦੇ ਹਨ ਜਿਹਨਾਂ ਦੀ ਮੌਤ ਹੋ ਜਾਏ। ਫਿਰ ਦਿਲ, ਫੇਫੜਿਆਂ, ਗੁਰਦਿਆਂ, ਜਿਗਰ, ਪਾਚਨ ਗ੍ਰੰਥੀ ਅਤੇ ਛੋਟੀ ਆਂਤੜੀ ਵਰਗੇ ਅੰਗ ਦਾਨ ਕੀਤੇ ਜਾ ਸਕਦੇ ਹਨ। ਚਮੜੀ, ਹੱਡੀ, ਦਿਲ ਦੇ ਵਾਲਵ ਅਤੇ ਅੱਖਾਂ ਵਰਗੇ ਅੰਗਾਂ ਦੀ ਵਰਤੋਂ ਵੀ ਹੋਰਨਾਂ ਦੀ ਮਦਦ ਕਰਨ ਲਈ ਕੀਤੀ ਜਾ ਸਕਦੀ ਹੈ।

## ਅੰਗਦਾਨ ਦੇਣ ਦਾ ਕੰਮ ਕਦ ਕੀਤਾ ਜਾ ਸਕਦਾ ਹੈ?

ਡਾਕਟਰ ਅਤੇ ਨਰਸਾਂ ਕਿਸੇ ਦਾ ਫ਼ਰਜ਼ ਕਿਸੇ ਜ਼ਿੰਦਗੀ ਨੂੰ ਬਚਾਉਣ ਦੀ ਹਰ ਕੋਸ਼ਿਸ਼ ਕਰਨਾ ਹੈ। ਦਾਨ ਦੇਣ ਲਈ ਅੰਗ ਸਿਰਫ਼ ਤਦ ਕੱਢੇ ਜਾਂਦੇ ਹਨ ਜਦ ਕਿਸੇ ਦੀ ਮੌਤ ਹੋਣ ਬਾਰੇ ਪੱਕਾ ਯਕੀਨ ਹੋ ਜਾਏ। ਮੌਤ ਹੋਣ ਬਾਰੇ ਪੱਕਾ ਪਤਾ ਕਰਨ ਦਾ ਕੰਮ ਉਹ ਡਾਕਟਰ ਕਰਦਾ ਹੈ ਜਾਂ ਕਰਦੇ ਹਨ ਜੋ ਅੰਗ ਕੱਢਣ ਵਾਲੀ ਟੀਮ ਤੋਂ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੈ।

ਦਾਨ ਦੇਣ ਲਈ ਜ਼ਿਆਦਾਤਰ ਅੰਗ ਉਹਨਾਂ ਮਰੀਜ਼ਾਂ ਦੇ ਲਏ ਜਾਂਦੇ ਹਨ ਜਿਹਨਾਂ ਦੀ ਮੌਤ ਹਸਪਤਾਲ ਵਿਚ ਇੰਨਟੈਂਸਿਵ ਕੇਅਰ ਯੂਨਿਟ ਵਿਚ ਵੈਂਟੀਲੇਟਰ 'ਤੇ ਦਿਮਾਗ਼ ਨੂੰ ਸੰਗੀਨ ਸੱਟਚੋਟ ਲੱਗਣ ਨਾਲ ਹੁੰਦੀ ਹੈ। ਦਿਮਾਗ਼ ਦੀ ਸੱਟ ਨਾਲ ਦਿਮਾਗ਼ ਦੇ ਮੁੱਢਲੇ ਹਿੱਸੇ ਵਿਚ ਜ਼ਿੰਦਗੀ ਨੂੰ ਕਾਇਮ ਰੱਖਣ ਵਾਲੇ ਸੈਂਟਰਾਂ ਨੂੰ ਨੁਕਸਾਨ ਪਹੁੰਚਦਾ ਹੈ। ਜਿਸ ਸ਼ਖ਼ਸ ਦੇ ਦਿਮਾਗ਼ ਦੇ ਮੁੱਢਲੇ ਹਿੱਸੇ ਦੀ ਮੌਤ ਹੋ ਜਾਏ ਉਹਨੂੰ ਜੀਉਂਦਾ ਨਹੀਂ ਰੱਖਿਆ ਜਾ ਸਕਦਾ। ਟੈਸਟ ਕਰਨ ਨਾਲ ਪੱਕਾ ਪਤਾ ਲਗ ਜਾਂਦਾ ਹੈ ਕਿ ਇਹ ਮੌਤ ਕਦ ਹੁੰਦੀ ਹੈ।

ਜਿਹੜੇ ਲੋਕਾਂ ਦੀ ਮੌਤ ਹਸਪਤਾਲ ਵਿਚ ਹੁੰਦੀ ਹੈ, ਪਰ ਵੈਂਟੀਲੇਟਰ 'ਤੇ ਨਹੀਂ, ਉਹ ਵੀ ਕਈ ਵਾਰ ਅੰਗਦਾਨ ਕਰ ਸਕਦੇ ਹਨ। ਇਹਨਾਂ ਨੂੰ ਦਿਲ ਨਾ ਧੜਕਣ ਵਾਲੇ ਦਾਨੀ ਆਖਿਆ ਜਾਂਦਾ ਹੈ।

ਜਿਹਨਾਂ ਲੋਕਾਂ ਦੀ ਮੌਤ ਹਸਪਤਾਲ ਵਿਚ ਨਹੀਂ ਹੁੰਦੀ, ਉਹ ਵੀ ਕਈ ਵਾਰ ਜਿਸਮ ਦੇ ਕੁਝ ਹਿੱਸੇ ਦਾਨ ਕਰ ਸਕਦੇ ਹਨ।

## ਇਜਾਜ਼ਤ

ਕਿਸੇ ਮਰ ਗਏ ਸ਼ਖ਼ਸ ਦੇ ਅੰਗ ਕੱਢਣ ਤੋਂ ਪਹਿਲਾਂ ਸਦਾ ਹੀ ਉਹਦੇ ਨਜ਼ਦੀਕੀ ਲੋਕਾਂ ਤੋਂ ਇਜਾਜ਼ਤ ਲਈ ਜਾਂਦੀ ਹੈ ਜਾਂ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹਨਾਂ ਨੂੰ ਇਤਰਾਜ਼ ਤਾਂ ਨਹੀਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਲੋਕ ਆਪਣੇ ਪਿਆਰਿਆਂ ਨੂੰ ਆਪਣੀਆਂ ਖ਼ਾਹਿਸ਼ਾਤ ਦੱਸ ਦੇਣ। ਅੰਗਦਾਨ ਕਰਨਾ ਕਿਸੇ ਸ਼ਖ਼ਸ ਦੀ ਆਪਣੀ ਮਰਜ਼ੀ ਨਾਲ ਹੁੰਦਾ ਹੈ, ਅਤੇ ਕਿਸੇ ਇਕ ਮਜ਼ਹਬ ਨੂੰ ਮੰਨਣ ਵਾਲਿਆਂ ਦੇ ਖ਼ਿਆਲਾਤ ਵੀ ਵੱਖ ਵੱਖ ਹੋ ਸਕਦੇ ਹਨ। ਅੰਗਦਾਨ ਦੀ ਹਿਮਾਇਤ ਕਰਨ ਵਾਲੇ ਕਈ ਖ਼ਾਨਦਾਨਾਂ ਨੇ ਕਿਹਾ ਹੈ ਕਿ ਉਹਨਾਂ ਨੂੰ ਪੈਣ ਵਾਲੇ ਘਾਟੇ ਤੋਂ ਜੇ ਕਿਸੇ ਦਾ ਭਲਾ ਹੋ ਜਾਏ, ਤਾਂ ਇਹ ਚੰਗੀ ਗੱਲ ਹੈ।

## ਧਿਆਨ ਅਤੇ ਇੱਜ਼ਤ

ਅੰਗ ਕੱਢਣ ਦਾ ਕੰਮ ਬੜੇ ਹੀ ਧਿਆਨ ਅਤੇ ਇੱਜ਼ਤ ਨਾਲ ਕੀਤਾ ਜਾਂਦਾ ਹੈ। ਪਰਿਵਾਰ ਵਾਲੇ ਬਾਅਦ ਵਿਚ ਜਿਸਮ ਦੇਖ ਸਕਦੇ ਹਨ ਅਤੇ ਜੇ ਖ਼ਾਨਦਾਨ ਚਾਹੇ ਤਾਂ ਸਟਾਫ਼ ਕਿਸੇ ਮੌਲਵੀ ਨਾਲ ਜਾਂ ਨੇੜੇ ਦੇ ਮਜ਼ਹਬੀ ਲੀਡਰ ਨਾਲ ਵੀ ਰਾਬਤਾ ਕਰ ਸਕਦਾ ਹੈ।

# ਇਸਲਾਮ ਅਤੇ ਜਿਸਮ ਦੇ ਹਿੱਸੇ ਦਾਨ ਕਰਨਾ

ਇਸਲਾਮ ਮਜ਼ਹਬ ਦੇ ਬੁਨਿਆਦੀ ਅਸੂਲਾਂ ਵਿਚੋਂ ਇਕ ਅਸੂਲ ਜ਼ਿੰਦਗੀ ਦੀ ਹਿਫ਼ਾਜ਼ਤ ਕਰਨਾ ਹੈ। ਸ਼ਰੀਅਤ ਦਾ ਬੁਨਿਆਦੀ ਮਕਸਦ ਇਹੋ ਹੈ ਅਤੇ ਜਿਹੜੇ ਲੋਕ ਹੋਰ ਲੋਕਾਂ ਨੂੰ ਮੌਤ ਤੋਂ ਬਚਾਉਂਦੇ ਹਨ ਅੱਲਾ ਉਹਨਾਂ 'ਤੇ ਬਹੁਤ ਮਿਹਰਬਾਨ ਹੁੰਦਾ ਹੈ।

ਜ਼ਿੰਦਾ ਜਾਂ ਮੁਰਦਾ ਇਨਸਾਨੀ ਜਿਸਮ ਨਾਲ ਕਿਸੇ ਵੀ ਕਿਸਮ ਦੀ ਗੜਬੜ ਕਰਨਾ ਇਸਲਾਮ ਵਿਚ ਆਮ ਤੌਰ 'ਤੇ ਮਨ੍ਹਾਂ ਹੈ। ਪਰ ਕਈ ਹਾਲਤਾਂ ਵਿਚ ਸ਼ਰੀਅਤ ਇਸ ਮਨਾਹੀ ਨੂੰ ਲਾਗੂ ਨਹੀਂ ਕਰਦੀ: ਸਭ ਤੋਂ ਪਹਿਲਾਂ ਤਾਂ ਇਹ ਮਨਾਹੀ ਉਸ ਵੇਲੇ ਲਾਗੂ ਨਹੀਂ ਹੁੰਦੀ ਜਦ ਬਹੁਤ ਜ਼ਰੂਰਤ ਹੋਵੇ; ਅਤੇ ਦੂਸਰੀ ਹਾਲਤ ਵਿਚ ਇਹ ਤਦ ਲਾਗੂ ਨਹੀਂ ਹੁੰਦੀ ਜਦ ਕਿਸੇ ਦੀ ਜ਼ਿੰਦਗੀ ਬਚਾਉਣ ਦੀ ਲੋੜ ਹੋਵੇ। ਇਸਲਾਮੀ ਕਾਨੂੰਨ ਦਾ ਇਹ ਅਸੂਲ ਹੈ *ਅਲ-ਦਰੂਰਤ ਤੁਬੀਹ ਅਲ-ਮਹਜ਼ੁਰਤ* (ਜ਼ਰੂਰਤ ਵੇਲੇ ਮਨਾਹੀ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਹੈ)। ਜਿਸਮ ਦੇ ਹਿੱਸੇ ਦਾਨ ਕਰਨ ਨਾਲ ਇਸ ਗੱਲ ਦਾ ਤੁਅੱਲਕ ਹੈ।

*"ਜਿਹੜਾ ਇਕ ਇਨਸਾਨ ਦੀ ਜਾਨ ਬਚਾਏ ਉਹਨੇ ਸਮਝ ਲਓ ਕਿ ਸਾਰੀ ਮਨੁੱਖਤਾ ਦੀ ਜਾਨ ਬਚਾਈ ਹੈ।"*
ਕੁਰਾਨ ਏ ਪਾਕ, ਸੂਰਾ 5, ਆਇਤ 32

*"ਜੇ ਤੁਸੀਂ ਬੀਮਾਰ ਹੋਵੋ ਅਤੇ ਤੁਹਾਡੇ ਜਿਸਮ ਵਿਚ ਕਿਸੇ ਹੋਰ ਇਨਸਾਨ ਦੇ ਜਿਸਮ ਦਾ ਕੋਈ ਹਿੱਸਾ ਲਾਉਣ ਦੀ ਲੋੜ ਹੋਵੇ, ਤਾਂ ਤੁਸੀਂ ਯਕੀਨਨ ਚਾਹੋਗੇ ਕਿ ਜਿਸਮ ਦਾ ਲੋੜੀਂਦਾ ਹਿੱਸਾ ਦੇ ਕੇ ਕੋਈ ਤੁਹਾਡੀ ਮਦਦ ਕਰੇ।"*
ਡਾਕਟਰ ਸ਼ੇਖ਼ ਐਮ ਏ ਜ਼ਕੀ ਬਦਾਵੀ, ਪ੍ਰਿੰਸੀਪਲ ਮੁਸਲਿਮ ਕਾਲਿਜ, ਲੰਡਨ

## ਜ਼ਿੰਦਗੀ ਬਚਾਉਣ ਬਾਰੇ ਫ਼ਤਵੇ ਦਾ ਖ਼ੁਲਾਸਾ:

ਮੁਸਲਿਮ ਲਾਅ ਕਾਉਂਸਿਲ ਆੱਵ ਗਰੇਟ ਬ੍ਰਿਟੇਨ ਇਹ ਫ਼ੈਸਲਾ ਕਰਦੀ ਹੈ ਕਿ:

- ਡਾਕਟਰੀ ਪੇਸ਼ੇ ਵਾਲੇ ਲੋਕ ਮੌਤ ਦੀਆਂ ਨਿਸ਼ਾਨੀਆਂ ਦੀ ਪਛਾਣ ਕਰਨ ਦੇ ਸਹੀ ਮਾਹਰ ਲੋਕ ਹਨ
- ਮੌਜੂਦਾ ਡਾਕਟਰੀ ਜਾਣਕਾਰੀ ਦੇ ਮੁਤਾਬਿਕ ਦਿਮਾਗ਼ ਦੇ ਬੁਨਿਆਦੀ ਹਿੱਸੇ ਦੀ ਮੌਤ ਨੂੰ ਜਿਸਮ ਦੀ ਮੌਤ ਦੀ ਸਹੀ ਪਛਾਣ ਮੰਨਿਆ ਜਾਂਦਾ ਹੈ
- ਇਹ ਕਾਉਂਸਿਲ ਕਿਸੇ ਦੇ ਜਿਸਮ ਦੇ ਹਿੱਸੇ ਦਾਨ ਕਰਨ ਦੇ ਮਕਸਦ ਲਈ ਉਹਦੇ ਦਿਮਾਗ਼ ਦੇ ਬੁਨਿਆਦੀ ਹਿੱਸੇ ਦੀ ਮੌਤ ਨੂੰ ਉਹਦੀ ਜ਼ਿੰਦਗੀ ਦਾ ਖ਼ਤਮ ਹੋਣਾ ਮੰਨਦੀ ਹੈ
- ਇਹ ਕਾਉਂਸਿਲ ਇਸ ਗੱਲ ਦੀ ਹਿਮਾਇਤ ਕਰਦੀ ਹੈ ਕਿ ਕਿਸੇ ਦੀ ਤਕਲੀਫ਼ ਨੂੰ ਘਟਾਉਣ ਲਈ ਜਾਂ ਕਿਸੇ ਦੀ ਜ਼ਿੰਦਗੀ ਬਚਾਉਣ ਲਈ ਜਿਸਮ ਦੇ ਹਿੱਸੇ ਦਾ ਦਾਨ ਕਰਨਾ ਸ਼ਰੀਅਤ ਦੇ ਅਸੂਲਾਂ ਦੇ ਮੁਤਾਬਿਕ ਸਹੀ ਕੰਮ ਹੈ
- ਮੁਸਲਮਾਨ ਜਿਸਮ ਦੇ ਹਿੱਸੇ ਦਾਨ ਕਰਨ ਵਾਲਾ ਕਾਰਡ ਆਪਣੇ ਨਾਲ ਰੱਖ ਸਕਦੇ ਹਨ
- ਜੇ ਕਿਸੇ ਮਰ ਗਏ ਇਨਸਾਨ ਕੋਲ ਜਿਸਮ ਦੇ ਹਿੱਸੇ ਦਾਨ ਕਰਨ ਵਾਲਾ ਕਾਰਡ ਨਾ ਹੋਵੇ, ਜਾਂ ਉਹਨੇ ਜਿਸਮ ਦੇ ਹਿੱਸੇ ਦਾਨ ਕਰਨ ਬਾਰੇ ਆਪਣੀ ਖ਼ਾਹਿਸ਼ ਨਾ ਦੱਸੀ ਹੋਵੇ, ਤਾਂ ਉਹਦਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਇਹ ਇਜਾਜ਼ਤ ਦੇ ਸਕਦਾ ਹੈ ਕਿ ਹੋਰ ਲੋਕਾਂ ਦੀ ਜ਼ਿੰਦਗੀ ਬਚਾਉਣ ਦੀ ਖ਼ਾਤਿਰ ਮਰੇ ਹੋਏ ਇਨਸਾਨ ਦੇ ਜਿਸਮ ਦੇ ਹਿੱਸੇ ਕੱਢੇ ਜਾ ਸਕਦੇ ਹਨ
- ਜਿਸਮ ਦੇ ਹਿੱਸਿਆਂ ਦਾ ਦਾਨ ਪੈਸੇ ਜਾਂ ਹੋਰ ਫ਼ਾਇਦੇ ਲਈ ਬਿਨਾਂ ਕਰਨਾ ਚਾਹੀਦਾ ਹੈ
- ਜਿਸਮ ਦੇ ਹਿੱਸਿਆਂ ਦੀ ਤਜਾਰਤ ਜਾਂ ਵਪਾਰ ਕਰਨਾ ਮਨ੍ਹਾਂ ਹੈ।

*"ਜੋ ਦੂਸਰਿਆਂ ਦੀ ਮਦਦ ਕਰੇਗਾ ਅੱਲਾ ਉਹਦੀ ਮਦਦ ਕਰੇਗਾ।"*
ਹਜ਼ਰਤ ਮੁਹੰਮਦ (ਸਲ-ਅੱਲਾ ਹੋ ਅਲੈਹੇ ਵਸੱਲਮ)